## ਗੁਰੂ ਨਾਨਕ - ਸਬਦ ੨੯

**ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥**

**ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੬**

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥
ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥
ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥
ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥
ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥
ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥
ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥
ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥
ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥
ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥
ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥
ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥
ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥
ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥੨੭॥

**ਸਾਰ:** ਪ੍ਰਗਟਾਵ, ਭਾਵੇਂ ਵਿਅਕਤੀਗਤ, ਸਮੂਹਿਕ, ਜਾਂ ਸਮਾਜਿਕ ਹੋਵੇ, ਪਰਸਥਿਤੀਆਂ ਦੁਆਰਾ ਤਰਾਸ਼ਿਆ ਜਾਂਦਾ ਹੈ। ਹਾਲਾਂਕਿ, ਜਦੋਂ ਸਦਭਾਵੀ ਸੰਚਾਰ ਅਤੇ ਇਜ਼ਹਾਰ ਆਪਸ ਵਿੱਚ ਇਕਮਿਕ ਹੁੰਦੇ ਹਨ, ਉਹ ਵਿਭਿੰਨ ਸੰਕਲਪ ਅਤੇ ਪਰਿਪੇਖ ਮੁਹਈਆ ਕਰਦੇ ਹਨ, ਜੋ ਸਾਡੇ ਚੋਗਿਰਦੇ ਵਿੱਚ ਉਸਾਰੂ ਬਦਲਾਵ ਨੂੰ ਉਤਪ੍ਰੇਰਿਤ ਕਰਨ ਦੀ ਸਮਰੱਥਾ ਰੱਖਦੇ ਹਨ। ਧੁਨੀਆਂ, ਜਿਵੇਂ ਆਭਾ-ਮੰਡਲ, ਰੁਪਾਂਤ੍ਰਣ ਦੀ ਪ੍ਰਕਿਰਿਆ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਨਿਭਾਉਂਦੀਆਂ ਹਨ। ਇਹ ਸ਼ਬਦ ਸੰਗੀਤਸ਼ਾਸਤਰ ਦੀ ਰੂਪਕ ਪੇਸ਼ਕਾਰੀ ਦੀ ਇਕ ਬੇਹਤਰੀਨ ਮਿਸਾਲ ਹੈ। ਜੋ ਅਦ੍ਰਿਸ਼ਟ, ਹਾਜ਼ਰ-ਨਾਜ਼ਰ ਚੇਤਨਾ ਦੀ ਸਰਬ-ਵਿਆਪਕਤਾ ਦੇ ਇਕ ਸਮਾਨ ਮਤ ਨੂੰ ਅਨੇਕ ਵਿਧੀਆਂ ਰਾਹੀਂ ਪ੍ਰਭਾਵਸ਼ਾਲੀ ਢੰਗ ਨਾਲ ਪਰਸਾਰਣ ਦਾ ਸੰਦੇਸ਼ ਦਿੰਦੀ ਹੈ।

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥
ਕਿਹੜਾ ਦਰਵਾਜ਼ਾ ਉਸ ਘਰ ਵੱਲ ਜਾਂਦਾ ਹੈ ਜਿੱਥੇ ਵਿਸ਼ਪਵਿਆਪੀ ਕਦਰਾਂ-ਕੀਮਤਾਂ ਦਾ ਸਨਮਾਨ ਹੁੰਦਾ ਹੈ?

ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥
ਅਣਗਿਣਤ ਰੂਹਾਨੀ ਵਿਚਾਰਾਂ ਨੂੰ ਵਿਭਿੰਨ ਪਿਛੋਕੜਾਂ ਅਤੇ ਮਤਾਂ ਨਾਲ ਸੰਬੰਧਿਤ ਬਹੁਤ ਸਾਰੇ ਵਿਦਵਾਨਾਂ ਦੁਆਰਾ ਸਦਭਾਵਨਾ ਨਾਲ ਵਿਚਾਰਿਆ ਜਾਂਦਾ ਹੈ।

ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥
ਅਨੇਕਾਂ ਨਾਮਵਰ ਵਿਦਵਾਨਾਂ ਦੁਆਰਾ ਬਹੁਤ ਸਾਰੇ ਨਵੇਂ ਸੰਕਲਪ ਸੁਹਿਰਦਤਾ ਨਾਲ ਪੇਸ਼ ਕੀਤੇ ਜਾਂਦੇ ਹਨ।

ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
ਅਣਡਿਠ, ਸਰਬ-ਵਿਆਪਕ ਚੇਤਨਾ ਜੀਵਨ ਸੰਚਾਲਿਤ ਕਰਨ ਵਾਲੀਆਂ ਸ਼ਕਤੀਆਂ ਹਵਾ, ਪਾਣੀ ਅਤੇ ਅੱਗ ਦੁਆਰਾ ਪ੍ਰਗਟ ਹੁੰਦੀ ਹੈ। ਸਰਬ-ਵਿਆਪਕਤਾ ਪਤਵੰਤਿਆਂ ਦੇ ਪੁੰਨ ਕਰਮਾਂ ਦੁਆਰਾ ਗੂੰਜਦੀ ਹੈ।

ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥

ਕਿਸੇ ਦੇ ਇਰਾਦਿਆਂ ਦਾ ਲੇਖਾ ਚੇਤਨ ਅਤੇ ਅਵਚੇਤਨ ਵਿੱਚ ਗੂੰਜਦਾ ਹੈ। ਚਿੰਤਨ ਅਤੇ ਧਿਆਨ ਸੱਚਾਈ ਦੇ ਮਾਰਗ ਨੂੰ ਸਮਝਣ ਵਿੱਚ ਸਹਾਈ ਹੁੰਦੇ ਹਨ।

ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥
ਸਰਵਉਚ ਆਪਾ, ਸਿਰਜਣਹਾਰ, ਅਤੇ ਪਾਲਣਹਾਰ ਨਿਰੰਤਰ ਵਿਕਾਸ ਰਾਹੀਂ ਅਣਡਿਠ ਸਰਬ-ਵਿਆਪਕ ਚੇਤਨਾ ਦੀ ਹਾਜ਼ਰਤਾ ਨੂੰ ਪ੍ਰਦਰਸ਼ਿਤ ਕਰਦੇ ਹਨ।

ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਸੱਚਾਈ ਦੇ ਖੰਡ ਵਿੱਚ ਪਰਮ ਹਸਤੀ ਦਿਵਯਤਾ ਰਾਹੀਂ ਅਣਡਿਠ ਸਰਬ-ਵਿਆਪਕ ਚੇਤਨਾ ਦੀ ਹੋਂਦ ਨੂੰ ਪ੍ਰਗਟ ਕਰਦੀ ਹੈ।

ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥
ਧਿਆਨ ਦੀ ਅਵਸਥਾ ਵਿੱਚ ਜਾਗ੍ਰਿਤ ਹਸਤੀਆਂ, ਅਤੇ ਸਾਧਕ ਚਿੰਤਨ ਦੁਆਰਾ ਅਣਡਿਠ ਸਰਬ-ਵਿਆਪਕ ਚੇਤਨਾ ਦੀ ਹੋਂਦ ਦਾ ਇਜ਼ਹਾਰ ਕਰਦੇ ਹਨ।

ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥
ਬ੍ਰਹਮਚਾਰੀ ਸੰਤੋਖ ਦੁਆਰਾ ਅਤੇ ਯੋਧੇ ਬਹਾਦਰੀ ਰਾਹੀਂ ਅਣਡਿਠ ਸਰਬ ਵਿਆਪਕ ਚੇਤਨਾ ਦੀ ਹਾਜ਼ਰਤਾ ਨੂੰ ਵਿਅਕਤ ਕਰਦੇ ਹਨ।

ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥
ਵਿਦਵਾਨਾਂ ਦੁਆਰਾ ਗਿਆਨ ਪ੍ਰਾਪਤੀ ਦੀ ਚੇਸ਼ਟਾ ਅਤੇ ਰਿਸ਼ੀਆਂ ਦੁਆਰਾ ਦੱਸੇ ਗਏ ਪ੍ਰਾਚੀਨ ਗ੍ਰੰਥਾਂ ਦੀ ਸੂਝ, ਇੱਕ ਸਰਵ ਵਿਆਪਕ ਚੇਤਨਾ ਦੀ ਹੋਂਦ ਨੂੰ ਪ੍ਰਗਟ ਕਰਦੀ ਹੈ।

ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥
ਮਨਮੋਹਨੇ, ਅਣਡਿਠ, ਸਰਬ-ਵਿਆਪਕ ਚੇਤਨਾ ਦੀ ਮੌਜੂਦਗੀ ਨੂੰ ਪ੍ਰਗਟ ਕਰਨ ਲਈ ਸਵਰਗ ਅਤੇ ਨਰਕ ਦੀ ਧਾਰਨਾ ਰਾਹੀਂ ਮਨ ਨੂੰ ਮੋਹਿਤ ਕਰਦੇ ਹਨ।

ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥

ਸਿਰਜਣਹਾਰ ਦੀਆਂ ਅਨਮੋਲ ਰਚਨਾਵਾਂ ਅਤੇ ਉਹਨਾਂ ਨਾਲ ਸਾਂਝ ਰਾਹੀਂ ਪ੍ਰਾਪਤ ਕੀਤੀ ਸੂਝ ਅਣਡਿਠ, ਸਰਬ-ਵਿਆਪਕ ਚੇਤਨਾ ਦੀ ਹਾਜ਼ਰਤਾ ਨੂੰ ਦਰਸਾਉਂਦੀ ਹੈ।

ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥

ਬਹਾਦਰ ਬਹਾਦਰੀ ਰਾਹੀਂ, ਪਰਉਪਕਾਰੀ ਪਰਉਪਕਾਰ ਦੁਆਰਾ, ਇੱਕ ਸੂਰਮਾ ਨਿਰਭੈਤਾ ਜ਼ਰੀਏ, ਅਣਡਿਠ ਸਰਬ-ਵਿਆਪਕ ਚੇਤਨਾ ਦੀ ਹੋਂਦ ਨੂੰ ਪ੍ਰਗਟ ਕਰਦੇ ਹਨ।

ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥

ਭੂਗੋਲਿਕ ਖੇਤਰ, ਦਿਵਯ ਲੋਕ, ਸੂਰਜ ਪ੍ਰਣਾਲੀ, ਅਤੇ ਤਾਰਾ ਮੰਡਲ, ਆਪਣੇ ਆਪ ਨੂੰ ਇਕਸੁਰਤਾ ਵਿਚ ਰੱਖਦੇ ਹੋਏ, ਅਣਡਿਠ ਸਰਬ-ਵਿਆਪਕ ਚੇਤਨਾ ਦੀ ਹੋਂਦ ਨੂੰ ਦਰਸਾਉਂਦੇ ਹਨ।

ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥

ਅਣਡਿਠ ਸਰਬ-ਵਿਆਪਕ ਚੇਤਨਾ ਦੀ ਹਾਜ਼ਰਤਾ ਉਹਨਾਂ ਦੁਆਰਾ ਜ਼ਾਹਿਰ ਹੁੰਦੀ ਹੈ ਜੋ ਕੁਦਰਤ ਦੇ ਭਾਣੇ ਵਿੱਚ ਸੰਤੋਖੀ ਰਹਿੰਦੇ ਹਨ ਅਤੇ ਸਰਬ-ਵਿਆਪਕਤਾ ਨੂੰ ਸਮਰਪਿਤ ਹਨ।

ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥

ਮਨ ਹੋਂਦ ਅੰਦਰ ਬੈਠੇ ਅਣਗਿਣਤ ਜੀਵਾਂ ਨੂੰ ਨਹੀਂ ਸਮਝ ਸਕਦਾ ਜੋ ਅਣਡਿਠ ਸਰਬ-ਵਿਆਪਕ ਚੇਤਨਾ ਦਾ ਪ੍ਰਗਟਾਵਾ ਹਨ। ਨਾਨਕ ਆਖਦੇ ਹਨ ਕਿ ਅਸੀਂ ਉਨ੍ਹਾਂ ਨੂੰ ਕਿਵੇਂ ਵਿਚਾਰੀਏ?

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥

ਸ੍ਰਿਸ਼ਟੀ ਦਾ ਹਰ ਹਿੱਸਾ ਅਣਡਿਠ ਸਰਬ-ਵਿਆਪਕ ਚੇਤਨਾ ਦਾ ਪ੍ਰਗਟਾਵਾ ਹੈ, ਜੋ ਕਿ ਪਰਮ ਸੱਚ ਹੈ, ਅਤੇ ਇਸਦੀ ਹੋਂਦ ਸਦੀਵੀ ਹਕੀਕਤ ਹੈ।

ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥

ਸਿਰਜਣਹਾਰ, ਸਰਵ ਵਿਆਪਕ ਚੇਤਨਾ ਜਿਸ ਨੇ ਬ੍ਰਹਿਮੰਡ ਸਿਰਜਿਆ ਹੈ, ਭੂਤਕਾਲ, ਵਰਤਮਾਨ ਅਤੇ ਭਵਿੱਖ ਵਿੱਚ ਹੋਂਦ ਰੱਖਦੀ ਹੈ।

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥
ਵੱਖੋ-ਵੱਖਰੇ ਰੂਪ ਅਣਡਿਠ ਚੇਤਨਾ ਦਾ ਇਜ਼ਹਾਰ ਹਨ ਜੋ ਹਰ ਵਸਤ ਵਿੱਚ ਵਿਆਪਕ ਹੈ; ਇਥੋਂ ਤੱਕ ਕਿ ਸੰਸਾਰਿਕ ਭਰਮ ਵੀ ਇਸ ਦੀ ਰਚਨਾ ਹਨ।

ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥
ਅਣਡਿਠ ਸਰਬ-ਵਿਆਪਕ ਚੇਤਨਾ, ਰਚਨਾ ਦੇ ਰੂਪ ਵਿੱਚ ਪ੍ਰਗਟਦੀ ਅਤੇ ਸੰਭਲਦੀ ਹੈ, ਇਹ ਸਿਰਜਣਹਾਰ ਦੀ ਮਹਾਨਤਾ ਹੈ।

ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥
ਅਣਡਿਠ, ਸਰਬ-ਵਿਆਪਕ ਚੇਤਨਾ ਆਪਣੀ ਇੱਛਾ ਅਨੁਸਾਰ ਪ੍ਰਗਟਦੀ ਹੈ, ਅਤੇ ਕੋਈ ਹੁਕਮ ਇਸ ਨੂੰ ਬੰਨ੍ਹ ਨਹੀਂ ਸਕਦਾ।
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥੨੭॥
ਸਰਬ-ਵਿਆਪਕ ਅਣਡਿਠ ਚੇਤਨਾ ਸਰਵਉਚ ਸੱਤਾ ਹੈ ਨਾਨਕ ਆਖਦੇ ਹਨ ਇਸ ਲਈ ਉਹ ਸੰਤੋਖੀ ਰਹਿੰਦੇ ਹਨ। (੨੭)

**ਤੱਤ:** ਗੁਰੂ ਨਾਨਕ ਕਹਿੰਦੇ ਹਨ ਕਿ ਸੰਸਾਰ ਦਾ ਸਭ ਕੁਝ ਇੱਕ ਅਣਡਿਠ, ਸਰਬ ਵਿਆਪਕ ਚੇਤਨਾ ਦਾ ਪ੍ਰਗਟਾਵਾ ਹੈ। ਇਸ ਲਈ ਜੇ ਕੋਈ ਆਪਣੇ ਕਰਮਾਂ ਦੇ ਨਤੀਜੇ ਲਈ ਕੇਵਲ ਖੁਦ ਨੂੰ ਜ਼ਿਮੇਵਾਰ ਨਹੀਂ ਮੰਨਦਾ ਤੇ ਉਹ ਸੰਤੋਖ ਦੀ ਪਦਵੀ ਪ੍ਰਾਪਤ ਕਰਦਾ ਹੈ, ਇਥੇ ਉਹ ਉਸਾਰੂ ਜਾਂ ਢਾਹੂ ਨਤੀਜਿਆਂ ਨਾਲ ਜੁੜਿਆ ਨਹੀਂ ਹੁੰਦਾ।

---

ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ:** OnenessInDiversity.com

**ਈਮੇਲ: onenessindiversityfoundation@gmail.com**